# ਲਿੰਫ਼ੋਗ੍ਰੈਨੂਲੋਮਾ ਵੈਨੇਰੀਅਮ (ਐੱਲ ਜੀ ਵੀ)
# Lymphogranuloma Venereum (LGV)

ਲਿੰਫ਼ੋਗ੍ਰੈਨੂਲੋਮਾ ਵੈਨੇਰੀਅਮ (ਐੱਲ ਜੀ ਵੀ) ਜਿਨਸੀ ਸੰਬਧਾਂ ਕਾਰਣ ਹੋਣ ਵਾਲੀ ਲਾਗ ਦੀ ਬਿਮਾਰੀ (ਐੱਸ ਟੀ ਆਈ) ਹੈ ਜੋ ਕਲਾਮੀਡੀਆ ਜਰਾਸੀਮ ਦੀ ਇੱਕ ਕਿਸਮ ਕਾਰਣ ਹੁੰਦੀ ਹੈ। ਇਹ ਲਾਗ ਆਮ ਤੌਰ ’ਤੇ ਗੁਪਤ ਅੰਗਾਂ ਦੇ ਲਿੰਫ਼ੈਟਿਕ ਸਿਸਟਮ ਵਿੱਚ ਹੁੰਦੀਆਂ ਹਨ। ਇਹ ਵਾਇਰਸ ਸਰੀਰ ਦੇ ਤਰਲ ਪਦਾਰਥਾਂ ਜਿਵੇਂ ਕਿ ਵੀਰਜ, ਵੀਰਜ ਛੁਟਣ ਤੋਂ ਪਹਿਲਾਂ ਆਉਣ ਵਾਲੇ ਤਰਲ, ਯੋਨੀ ਦੇ ਤਰਲ ਅਤੇ ਗੁਦਾ ਦੇ ਤਰਲ ਪਦਾਰਥਾਂ ਵਿੱਚ ਵੀ ਮੌਜੂਦ ਹੁੰਦਾ ਹੈ।

ਐਂਟੀਬਾਇਓਟਿਕ ਦਵਾਈਆਂ ਨਾਲ ਐੱਲ ਜੀ ਵੀ ਦਾ ਇਲਾਜ ਕੀਤਾ ਜਾ ਸਕਦਾ ਹੈ। ਪਿਛਲੇ ਸਮੇਂ ਵਿਚ ਇਹ ਲਾਗ ਬ੍ਰਿਟਿਸ਼ ਕੋਲੰਬੀਆ ਵਿੱਚ ਘੱਟ ਹੀ ਹੁੰਦੀ ਸੀ, ਪਰ ਹੁਣ ਇਹ ਵਧੇਰੇ ਆਮ ਹੋ ਰਹੀ ਹੈ, ਖ਼ਾਸ ਤੌਰ ’ਤੇ ਉਨ੍ਹਾਂ ਮਰਦਾਂ ਵਿੱਚ ਜੋ ਮਰਦਾਂ ਨਾਲ ਸੰਭੋਗ ਕਰਦੇ ਹਨ।

## ਕਾਰਣ Causes

ਐੱਲ ਜੀ ਵੀ ਯੋਨੀ, ਮੌਖਿਕ ਅਤੇ ਗੁਦਾ ਰਾਹੀਂ ਬਣਾਏ ਜਾਣ ਵਾਲੇ ਕਾਮੁਕ ਸੰਬੰਧਾਂ ਕਾਰਣ ਫੈਲਦੀ ਹੈ। ਇਸ ਵਿੱਚ ਲਿੰਗ ਨੂੰ ਯੋਨੀ ਅੰਦਰ ਪਾ ਕੇ ਕੀਤਾ ਜਾਣ ਵਾਲਾ ਸੰਭੋਗ ਅਤੇ ਸਰੀਰ ਦੇ ਤਰਲ ਪਦਾਰਥਾਂ ਦੇ ਆਦਾਨ-ਪ੍ਰਦਾਨ ਵਾਲੀਆਂ ਕਾਮੁਕ ਗਤੀਵਿਧੀਆਂ ਸ਼ਾਮਲ ਹਨ। ਕਾਮ ਸੰਬੰਧੀ ਖਿਡੌਣੇ ਆਪਸ ਵਿੱਚ ਸਾਂਝੇ ਕਰਨ ਨਾਲ ਵੀ ਐੱਲ ਜੀ ਵੀ ਹੋ ਸਕਦੀ ਹੈ। ਜੇ ਤੁਹਾਨੂੰ ਐੱਲ ਜੀ ਵੀ ਹੈ ਅਤੇ ਭਾਵੇਂ ਤੁਹਾਡੇ ਵਿੱਚ ਕੋਈ ਲੱਛਣ ਨਾ ਵੀ ਹੋਣ ਤਾਂ ਵੀ ਦੂਜਿਆਂ ਨੂੰ ਤੁਹਾਡੇ ਤੋਂ ਇਹ ਲਾਗ ਲਗ ਸਕਦੀ ਹੈ।

## ਲੱਛਣ Symptoms

ਐੱਲ ਜੀ ਵੀ ਦੇ ਕੋਈ ਵੀ ਲੱਛਣ ਮਹਿਸੂਸ ਨਾ ਹੋਣੇ ਆਮ ਹਨ। ਜੇ ਤੁਹਾਨੂੰ ਲੱਛਣ ਮਹਿਸੂਸ ਹੁੰਦੇ ਵੀ ਹਨ ਤਾਂ ਇਨ੍ਹਾਂ ਦੇ ਉੱਭਰਨ ਦੇ ਆਸਾਰ ਕਾਮੁਕ ਸੰਬੰਧਾਂ ਤੋਂ ਬਾਅਦ 3 ਅਤੇ 6 ਹਫ਼ਤਿਆਂ ਵਿਚਕਾਰ ਹੁੰਦੇ ਹਨ। ਐੱਲ ਜੀ ਵੀ ਕਾਰਣ ਬੁਖ਼ਾਰ, ਥਕਾਵਟ, ਅਤੇ ਦਰਦ-ਰਹਿਤ ਜ਼ਖ਼ਮ ਹੋ ਸਕਦੇ ਹਨ ਅਤੇ ਗੁਪਤ ਅੰਗਾਂ ਦੇ ਆਲ਼ੇ-ਦੁਆਲੇ ਲਿੰਫ਼ ਨੋਡਜ਼ ਵਿੱਚ ਸੋਜਿਸ਼ ਹੋ ਸਕਦੀ ਹੈ। ਗੁਪਤ ਅੰਗਾਂ ਦੇ ਆਲ਼ੇ-ਦੁਆਲੇ ਵਾਲੀ ਥਾਂ ਪੱਕ ਵੀ ਸਕਦੀ ਹੈ। ਕਦੇ-ਕਦੇ ਐੱਲ ਜੀ ਵੀ ਕਾਰਣ ਜੋੜਾਂ, ਫੇਫੜਿਆਂ ਅਤੇ ਜਿਗਰ ਵਿੱਚ ਵੀ ਲੱਛਣ ਪੈਦਾ ਹੋ ਸਕਦੇ ਹਨ। ਜੇ ਤੁਸੀਂ ਗੁਦਾ ਰਾਹੀਂ ਸੰਭੋਗ (ਏਨਲ ਸੈਕਸ) ਕਰਦੇ ਹੋ ਤਾਂ ਤੁਹਾਡੇ ਗੁਦਾ ਵਿੱਚੋਂ ਲੇਸਦਾਰ ਰਿਸਾਵ ਜਾਂ ਲਹੂ ਵਗ ਸਕਦਾ ਹੈ।

## ਟੈਸਟ ਅਤੇ ਰੋਗ ਦੀ ਪਛਾਣ Tests and Diagnosis

ਐੱਲ ਜੀ ਵੀ ਦੀ ਪਛਾਣ ਗੁੰਝਲਦਾਰ ਹੋ ਸਕਦੀ ਹੈ ਅਤੇ ਇਹ ਲੱਛਣਾਂ, ਅਤੇ ਕੋਈ ਵੀ ਜ਼ਖ਼ਮ ਜਾਂ ਸੋਜਿਸ਼, ਅਤੇ ਕਾਮੁਕ ਪਿਛੋਕੜ ਦੀ ਜਾਂਚ ’ਤੇ ਨਿਰਭਰ ਕਰਦੀ ਹੈ। ਟੈਸਟ ਕਰਨ ਲਈ ਰੂਈ ਦੇ ਫੈਹੇ ਅਤੇ ਖ਼ੂਨ ਦੇ ਸੈਂਪਲ ਦੀ ਵਰਤੋਂ ਕੀਤੀ ਜਾਂਦੀ ਹੈ।

ਜੇ ਤੁਹਾਡੇ ਵਿੱਚ ਐੱਲ ਜੀ ਵੀ ਦੇ ਲੱਛਣ ਹਨ ਜਾਂ ਤੁਹਾਡੇ ਕਾਮੁਕ ਸਾਥੀ ਵਿੱਚ ਇਸ ਦੀ ਪਛਾਣ ਕੀਤੀ ਗਈ ਹੈ ਤਾਂ ਐੱਲ ਜੀ ਵੀ ਲਈ ਟੈਸਟ ਕਰਵਾਉਣਾ ਵਧੀਆ ਰਹਿੰਦਾ ਹੈ।

## ਇਲਾਜ Treatment

ਐੱਲ ਜੀ ਵੀ ਦਾ ਇਲਾਜ ਡਾਕਟਰ ਦੀ ਤਜਵੀਜ਼ ’ਤੇ ਮਿਲਣ ਵਾਲੀਆਂ ਐਂਟੀਬਾਇਓਟਿਕ ਦਵਾਈਆਂ ਨਾਲ ਕੀਤਾ ਜਾਂਦਾ ਹੈ। ਆਪਣੀਆਂ ਸਾਰੀਆਂ ਦਵਾਈਆਂ ਨੂੰ ਨਿਰਦੇਸ਼ਾਂ ਮੁਤਾਬਕ ਲੈਣਾ ਮਹੱਤਵਪੂਰਣ ਹੁੰਦਾ ਹੈ। ਜੇ ਤੁਸੀਂ ਦਵਾਈ ਦੀਆਂ ਖ਼ੁਰਾਕਾਂ ਲੈਣੀਆਂ ਖੁੰਝਾ ਦਿਓ ਤਾਂ ਹੋ ਸਕਦਾ ਹੈ ਕਿ ਲਾਗ ਠੀਕ ਨਾ ਹੋਵੇ। ਜੇ

ਅਜਿਹਾ ਹੋਵੇ ਜਾਂ ਇਲਾਜ ਮੁਕੰਮਲ ਹੋਣ ਤੋਂ ਬਾਅਦ ਵੀ ਤੁਹਾਡੇ ਵਿੱਚ ਲੱਛਣ ਮੌਜੂਦ ਹੋਣ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਕੋਲ ਵਾਪਸ ਜਾਓ।

ਇਹ ਮਹੱਤਵਪੂਰਣ ਹੈ ਕਿ ਇਲਾਜ ਸ਼ੁਰੂ ਕਰਨ ਤੋਂ ਬਾਅਦ 3 ਹਫ਼ਤੇ ਤਕ ਸੰਭੋਗ ਨਾ ਕੀਤਾ ਜਾਵੇ (ਨਿਰੋਧ ਪਾ ਕੇ ਵੀ ਨਹੀਂ)। ਜੇ ਤੁਸੀਂ ਸੰਭੋਗ ਕਰਦੇ ਹੋ ਤਾਂ ਤੁਹਾਡੇ ਨਾਲ ਸੰਭੋਗ ਕਰਨ ਵਾਲੇ ਵਿਅਕਤੀ ਨੂੰ ਐੱਲ ਜੀ ਵੀ ਹੋ ਸਕਦੀ ਹੈ ਜਾਂ ਤੁਹਾਨੂੰ ਦੁਬਾਰਾ ਵੀ ਹੋ ਸਕਦੀ ਹੈ। ਜੇ ਅਜਿਹਾ ਹੋਵੇ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

ਐੱਲ.ਜੀ.ਵੀ. ਦੇ ਇਲਾਜ ਲਈ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਦਵਾਈਆਂ ਬੀ ਸੀ ਵਿੱਚ ਮੁਫ਼ਤ ਉਪਲਬਧ ਹਨ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰ ਕੇ ਪਤਾ ਕਰੋ ਕਿ ਕੀ ਇਹ ਦਵਾਈਆਂ ਉਨ੍ਹਾਂ ਕੋਲ ਸਟਾਕ ਵਿੱਚ ਉਪਲਬਧ ਹਨ।

## ਕਾਮੁਕ ਸਾਥੀ Sexual Partners

ਜੇ ਤੁਹਾਡੇ ਵਿੱਚ ਐੱਲ ਜੀ ਵੀ ਦੀ ਪਛਾਣ ਕੀਤੀ ਜਾਂਦੀ ਹੈ ਤਾਂ ਪਿਛਲੇ ਦੋ ਮਹੀਨਿਆਂ ਦੌਰਾਨ ਜਿਨ੍ਹਾਂ ਵਿਅਕਤੀਆਂ ਨੇ ਤੁਹਾਡੇ ਨਾਲ ਸੰਭੋਗ ਕੀਤਾ ਹੈ, ਉਨ੍ਹਾਂ ਦੀ ਵੀ ਜਾਂਚ ਅਤੇ ਇਲਾਜ ਕੀਤਾ ਜਾਣਾ ਚਾਹੀਦਾ ਹੈ। ਜੇ ਤੁਸੀਂ ਬੀਤੇ ਦੋ ਮਹੀਨਿਆਂ ਦੌਰਾਨ ਸੰਭੋਗ ਨਹੀਂ ਕੀਤਾ ਹੈ ਤਾਂ ਉਸ ਵਿਅਕਤੀ ਦਾ ਟੈਸਟ ਅਤੇ ਇਲਾਜ ਕੀਤਾ ਜਾਣਾ ਚਾਹੀਦਾ ਹੈ ਜਿਸ ਨਾਲ ਤੁਸੀਂ ਪਿਛਲੀ ਵਾਰੀ ਸੰਭੋਗ ਕੀਤਾ ਸੀ।

ਆਪਣੇ ਕਾਮੁਕ ਸਾਥੀਆਂ ਨੂੰ ਇਸ ਬਾਰੇ ਦੱਸਣ ਦੇ ਵੱਖ-ਵੱਖ ਤਰੀਕੇ ਹਨ। ਤੁਸੀਂ ਆਪਣੇ ਕਾਮੁਕ ਸਾਥੀਆਂ ਨੂੰ ਖ਼ੁਦ ਜਾਂ ਗੁਮਨਾਮ ਰਹਿ ਕੇ ਇਸ ਬਾਰੇ ਦੱਸ ਸਕਦੇ ਹੋ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਕਿ ਤੁਹਾਡੇ ਲਈ ਕੀ ਸਹੀ ਹੈ।

## ਉਲਝਣਾਂ Complications

ਜੇ ਐੱਲ ਜੀ ਵੀ ਦਾ ਇਲਾਜ ਛੇਤੀ ਕਰ ਲਿਆ ਜਾਵੇ ਤਾਂ ਆਮ ਤੌਰ 'ਤੇ ਕੋਈ ਹੋਰ ਸਿਹਤ ਸਮੱਸਿਆਵਾਂ ਨਹੀਂ ਹੁੰਦੀਆਂ। ਜੇ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਸ ਕਾਰਣ ਗੰਭੀਰ ਉਲਝਣਾਂ ਪੈ ਸਕਦੀਆਂ ਹਨ ਜਿਨ੍ਹਾਂ ਵਿੱਚ ਹੇਠ ਲਿਖੀਆਂ ਸ਼ਾਮਲ ਹਨ:

- ਤੁਹਾਨੂੰ ਐੱਚ ਆਈ ਵੀ ਹੋਣ ਅਤੇ ਤੁਹਾਡੇ ਤੋਂ ਅੱਗੇ ਫੈਲਣ ਦੇ ਵਧੇਰੇ ਆਸਾਰ
- ਗੁਪਤ ਅੰਗਾਂ ਅਤੇ ਗੁਦਾ ਦੁਆਰ ਦਾ ਸੁੰਗੜਨਾ ਅਤੇ ਜ਼ਖ਼ਮ ਹੋਣਾ
- ਹਿਰਦੈ ਸੰਬੰਧੀ ਤਕਲੀਫ਼ਾਂ, ਜਰਾਸੀਮ ਜਾਂ ਵਾਇਰਸ ਕਾਰਣ ਦਿਮਾਗ ਅਤੇ ਸੁਖਮਨਾ ਨਾੜੀ ਨੂੰ ਢਕਣ ਵਾਲੇ ਮੈਂਬਰੇਨ ਦੀ ਸੋਜਿਸ਼(ਅਸੈਪਟਿਕ ਮੈਨਿਨਜਾਇਟਿਸ) ਜਾਂ ਅੱਖ ਦੀ ਗਭਲੀ ਪਰਤ ਵਿੱਚ ਸੋਜਿਸ਼ ਦੀ ਬਿਮਾਰੀ (ਓਕਿਊਲਰ ਇਨਫ਼ੈਮੇਟੋਰੀ ਡੀਜ਼ੀਜ਼)

## ਰੋਕਥਾਮ Prevention

ਜੇ ਤੁਹਾਡੇ ਨਵੇਂ ਕਾਮੁਕ ਸਾਥੀ ਹਨ ਜਾਂ ਤੁਸੀਂ ਬੇਪਾਬੰਦਗੀ ਵਾਲੇ ਖੁੱਲ੍ਹੇ ਪ੍ਰੇਮ ਸੰਬੰਧਾਂ ਵਿੱਚ ਹੋ ਤਾਂ ਤੁਹਾਨੂੰ ਜਿਨਸੀ ਸੰਬੰਧਾਂ ਕਾਰਣ ਲੱਗਣ ਵਾਲੀਆਂ ਬਿਮਾਰੀਆਂ (ਐੱਸ ਟੀ ਆਈ) ਵਾਸਤੇ ਵਿਸ਼ੇਸ਼ ਤੌਰ 'ਤੇ ਬਾਕਾਇਦਾ ਟੈਸਟ ਕਰਾਉਣੇ ਚਾਹੀਦੇ ਹਨ। ਆਪਣੇ ਕਾਮੁਕ ਸਾਥੀਆਂ ਨਾਲ ਸੁਰੱਖਿਅਤ ਸੰਭੋਗ ਬਾਰੇ ਗੱਲ ਕਰਨ ਦਾ ਮਤਲਬ ਹੈ ਕਿ ਸਭ ਨੂੰ ਪਤਾ ਹੋਵੇਗਾ ਕਿ ਕੀ ਉਮੀਦ ਰੱਖਣੀ ਹੈ। ਜੇ ਨਿਰੋਧ ਤੁਹਾਡੇ ਲਈ ਸਹੀ ਕੰਮ ਕਰਨ ਤਾਂ ਇਹ ਵਧੀਆ ਰਹਿੰਦੇ ਹਨ – ਨਿਰੋਧ ਦਾ ਸਹੀ ਇਸਤੇਮਾਲ ਤੁਹਾਨੂੰ ਅਤੇ ਤੁਹਾਡੇ ਤੋਂ ਕਿਸੇ ਹੋਰ ਨੂੰ ਐੱਲ ਜੀ ਵੀ ਹੋਣ ਦੇ ਆਸਾਰ ਘਟਾਉਂਦਾ ਹੈ।

## ਵਸੀਲੇ Resources

**SmartSexResource (ਸਮਾਰਟ ਸੈਕਸ ਰੀਸੋਰਸ) – ਜੇ ਤੁਹਾਨੂੰ ਐੱਲ ਜੀ ਵੀ ਸੰਬੰਧੀ ਫ਼ਿਕਰ ਜਾਂ ਬੇਚੈਨੀ ਹੈ**
https://smartsexresource.com/topics/worry-and-anxiety

**TransCareBC (ਟ੍ਰਾਂਸ ਕੇਅਰ ਬੀ ਸੀ) – ਹਰ ਲਿੰਗ ਲਈ ਹਾਮੀ ਭਰਨ ਵਾਲੀ ਕਾਮੁਕ ਅਤੇ ਪੁਨਰ–ਉਤਪਤੀ ਸਿਹਤ ਜਾਣਕਾਰੀ**
**http://www.phsa.ca/transcarebc/care-support/access-care/sexual-hlth**